19-Oct-DERA BASSI-2025.qxd 10/19/2025 11:04 PM Page 1

ਜਾਂਬਾਜ਼ ਪੁਲਿਸ ਅਫ਼ਸਰ ਬਿਕਰਮਜੀਤ ਸਿੰਘ ਬਰਾੜ ਦੀ ਦਲੇਰੀ ਦਾ ਦੂਜਾ ਨਾਮ

ਐਨਕਾਊਂਟਰ ਸਪੈਸ਼ਲਿਸਟ ਦੇ ਨਾਂਅ ਵਜੋਂ ਵੀ ਜਾਣੇ ਜਾਂਦੇ ਹਨ ਡੇਰਾਬੱਸੀ ਦੇ ਡੀ.ਐਸ.ਪੀ. ਬਿਕਰਮਜੀਤ ਸਿੰਘ ਬਰਾੜ

ਪੰਜਾਬ ਪੁਲਿਸ ਦੇ ਇਤਿਹਾਸ ਵਿਚ ਜਿੰਨਾ ਮਾਣ ਨਾਲ ਸ਼ਹੀਦਾਂ ਦੇ ਨਾਮ ਲਏ ਜਾਂਦੇ ਹਨ, ਉਨ੍ਹਾਂ ਵਿੱਚੋਂ ਕਈ ਪਰਿਵਾਰ ਅਜਿਹੇ ਹਨ ਜਿਨ੍ਹਾਂ ਨੇ ਹਿੰਮਤ ਨਾ ਹਾਰਦਿਆਂ ਆਪਣੇ ਵਿਰਸੇ ਨੂੰ ਜਿੰਦਗੀ ਬਣਾਇਆ। ਮਰਹੂਮ ਐਸ.ਪੀ. ਬਲਦੇਵ ਸਿੰਘ ਬਰਾੜ ਦਾ ਪਰਿਵਾਰ ਇਸ ਉਦਾਹਰਨ ਦਾ ਸਭ ਤੋਂ ਚਮਕਦਾ ਨਮੂਨਾ ਹੈ। 19 ਅਗਸਤ 1988 ਨੂੰ ਪਟਿਆਲਾ ਵਿਚ ਡਿਊਟੀ ਦੌਰਾਨ ਸ਼ਹੀਦ ਹੋਏ ਬਲਦੇਵ ਸਿੰਘ ਬਰਾੜ ਦੇ ਸਪੁੱਤਰਾਂ ਨੇ ਆਪਣੇ ਪਿਤਾ ਦੇ ਰਸਤੇ 'ਤੇ ਚੱਲ ਕੇ ਪੰਜਾਬ ਪੁਲਿਸ ਦੀ ਸ਼ਾਨ ਵਧਾਈ ਹੈ। ਵੱਡੇ ਪੁੱਤਰ ਵਰਿੰਦਰ ਸਿੰਘ ਬਰਾੜ ਇਸ ਵੇਲੇ ਸੀਨੀਅਰ ਪੀ.ਪੀ.ਐੱਸ. ਅਧਿਕਾਰੀ, ਏ.ਆਈ.ਜੀ. ਪ੍ਰੋਵਿਜ਼ਨਿੰਗ ਪੰਜਾਬ ਹਨ, ਜਦਕਿ ਛੋਟੇ ਪੁੱਤਰ ਡੀ.ਐਸ.ਪੀ. ਬਿਕਰਮਜੀਤ ਸਿੰਘ ਬਰਾੜ ਜੋ ਆਪਣੀ ਦਲੇਰੀ, ਤਜਰਬੇ ਅਤੇ ਬੁੱਧੀਮਾਨੀ ਲਈ ਐਨਕਾਊਂਟਰ ਸਪੈਸ਼ਲਿਸਟ ਵਜੋਂ ਜਾਣੇ ਜਾਂਦੇ ਹਨ। ਇੰਨ੍ਹਾ ਨੇ ਸ਼ੁਰੂਆਤੀ ਸਿੱਖਿਆ ਤੇ ਪੁਲਿਸ ਸਫ਼ਰ ਦੀ ਸ਼ੁਰੂਆਤ ਅਤੇ ਪੜ੍ਹਾਈ ਡੀ.ਪੀ.ਐਸ. ਪਟਿਆਲਾ ਤੋਂ ਕੀਤੀ। ਉਨ੍ਹਾਂ ਦਾ ਪੁਲਿਸ ਸਫ਼ਰ 2002 ਵਿੱਚ ਏ.ਐਸ.ਆਈ. ਵਜੋਂ ਪੰਜਾਬ ਪੁਲਿਸ 'ਚ ਸ਼ਾਮਲ ਹੋਣ ਨਾਲ ਸ਼ੁਰੂ ਹੋਇਆ। ਉਨ੍ਹਾਂ ਦੀਆਂ ਗ਼ੈਰਸਧਾਰਣੀ ਕਾਬਲੀਅਤਾਂ ਨੇ ਜਲਦੀ ਹੀ ਉਨ੍ਹਾਂ ਨੂੰ ਐਸ.ਆਈ., ਫਿਰ ਇੰਸਪੈਕਟਰ ਅਤੇ ਅੰਤ ਵਿੱਚ ਡੀ.ਐਸ.ਪੀ. ਦੇ ਰੁਤਬੇ ਤੱਕ ਪਹੁੰਚਾ ਦਿੱਤਾ। ਬਰਾੜ ਨੇ ਆਪਣੀ ਸੇਵਾ ਦੌਰਾਨ ਅਨੇਕਾਂ ਵੱਡੇ ਆਪਰੇਸ਼ਨਾਂ ਦੀ ਅਗਵਾਈ ਕੀਤੀ। ਉਹਨਾਂ ਦੀ ਟੀਮ ਨੇ ਗੈਂਗਸਟਰਾਂ, ਨਸ਼ਾ ਤਸਕਰਾਂ ਅਤੇ ਹਥਿਆਰਾਂ ਦੇ ਵੱਡੇ ਗਿਰੋਹਾਂ ਨੂੰ ਖਤਮ ਕੀਤਾ। ਪੁਲਿਸ ਰਿਕਾਰਡਾਂ ਮੁਤਾਬਕ, ਉਨ੍ਹਾਂ ਦੀ ਅਗਵਾਈ ਹੇਠ ਅਜੇ ਤਕ 20 ਦੇ ਕਰੀਬ ਗੈਂਗਸਟਰ ਆਪਰੇਸ਼ਨਾਂ ਦੌਰਾਨ ਮਾਰੇ ਗਏ। ਲਾਰੇਂਸ ਬਿਸਨੋਈ ਤੱਕ ਦੀ ਗਿਰਫ਼ਤਾਰੀ ਤੋਂ ਮੂਸੇਵਾਲਾ ਕਤਲ ਕੇਸ ਤੱਕ ਬਰਾੜ ਦਾ ਨਾਮ ਉਸ ਸਮੇਂ ਚਰਚਾ ਵਿੱਚ ਆਇਆ ਜਦੋਂ ਉਨ੍ਹਾਂ ਨੇ ਗੈਂਗਸਟਰ ਲਾਰੇਂਸ ਬਿਸਨੋਈ ਨੂੰ ਗ੍ਰਿਫ਼ਤਾਰ ਕੀਤਾ। ਇਸ ਤੋਂ ਇਲਾਵਾ ਡੀਐੱਸਪੀ ਬਰਾੜ ਜਿਹੜੇ ਪੁਲਿਸ ਮੁਕਾਬਲਿਆਂ ਕਾਰਨ ਚਰਚਾ ਵਿੱਚ ਆਏ ਸਨ, ਉਨ੍ਹਾਂ ਵਿੱਚੋਂ ਇੱਕ ਪੰਜਾਬ ਵਿੱਚ ਅਤਿ ਲੋੜੀਂਦੇ ਗੈਂਗਸਟਰ ਵਿੱਕੀ ਗੌਂਡਰ ਖ਼ਿਲਾਫ਼ ਸੀ ਅਤੇ ਦੂਜਾ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਦੋ ਕਥਿਤ ਕਾਤਲਾਂ ਨੂੰ ਪੁਲਿਸ ਮੁਕਾਬਲੇ ਵਿੱਚ ਮਾਰਨ ਵਾਲਾ ਸੀ। ਡਰੱਗ ਮਾਫੀਆ ਨਾਲ ਉਨ੍ਹਾਂ ਦੀ ਲੜਾਈ ਨੇ ਪੰਜਾਬ ਵਿਚ ਜ਼ਹਿਰ ਬਣ ਚੁੱਕੇ ਨਸ਼ਾ ਤਸਕਰੀ ਰੁਝਾਨ ਨੂੰ ਕਮਜ਼ੋਰ ਕੀਤਾ। ਬਹਾਦਰੀ ਲਈ ਮਿਲੇ ਸਨਮਾਨ ਤੇ ਇਨਾਮ ਬਿਕਰਮਜੀਤ ਸਿੰਘ ਬਰਾੜ ਨੂੰ ਉਨ੍ਹਾਂ ਦੀਆਂ ਬੇਮਿਸਾਲ ਸੇਵਾਵਾਂ ਲਈ ਰਾਸ਼ਟਰਪਤੀ ਪੁਲਿਸ

ਬਿਕਰਮਜੀਤ ਸਿੰਘ ਬਰਾੜ
ਡੀ. ਐਸ. ਪੀ. ਡੇਰਾਬੱਸੀ

ਮੈਡਲ ਪੰਜ ਵਾਰ ਮਿਲਿਆ ਹੈ। ਪਹਿਲਾ ਮੈਡਲ 2011 ਵਿੱਚ, ਦੂਜਾ ਤੇ ਤੀਜਾ 2020 ਅਤੇ 2021 ਵਿੱਚ ਫਿਰ 2024 ਵਿੱਚ ਇਕ ਹੀ ਸਾਲ ਵਿੱਚ ਉਨ੍ਹਾਂ ਨੂੰ ਦੋ ਰਾਸ਼ਟਰਪਤੀ ਪੁਲਿਸ ਮੈਡਲ ਦਿੱਤੇ ਗਏ। ਬੇਹੱਦ ਵਿਰਲੇ ਮਾਮਲੇ ਵਜੋਂ ਇਨ੍ਹਾਂ ਤੋਂ ਇਲਾਵਾ ਉਨ੍ਹਾਂ ਨੂੰ 2021 ਵਿੱਚ ਸੈਂਟਰਲ ਹੋਮ ਮਿਨਿਸਟਰ ਮੈਡਲ ਫਾਰ ਇਨਵੈਸਟੀਗੇਸ਼ਨ ਮਿਲਿਆ, 2022 ਵਿੱਚ ਸਪੈਸ਼ਲ ਓਪਰੇਸ਼ਨ ਮੈਡਲ ਅਤੇ ਸਾਲ 2023 'ਚ ਸਵਤੰਤਰਤਾ ਦਿਵਸ ਮੌਕੇ ਮੁੱਖ ਮੰਤਰੀ ਰੱਖਿਅਕ ਪਦਕ ਨਾਲ ਨਵਾਜਿਆ ਗਿਆ। ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਮੰਡਲ 'ਚ ਕੀਤੀ ਵਿਲੱਖਣ ਤਰੱਕੀ 2002 ਤੋਂ ਸ਼ੁਰੂ ਹੋਈ ਸੇਵਾ ਦੌਰਾਨ, ਜਦੋਂ ਬਿਕਰਮਜੀਤ ਇੰਸਪੈਕਟਰ ਸਨ, ਉਨ੍ਹਾਂ ਦੀ ਕਾਰਗੁਜ਼ਾਰੀ ਅਤੇ ਜੁਰਅਤ ਦੇ ਆਧਾਰ 'ਤੇ ਪੰਜਾਬ ਸਰਕਾਰ ਨੇ ਪੰਜਾਬ ਵਿਧਾਨ ਸਭਾ ਵਿੱਚ ਖਾਸ ਮਤਾ ਪਾਸ ਕਰਕੇ ਉਨ੍ਹਾਂ ਨੂੰ ਸਿੱਧਾ ਡੀ.ਐਸ.ਪੀ. ਬਣਾਇਆ। ਇਹ ਪੰਜਾਬ ਦੇ ਇਤਿਹਾਸ ਵਿੱਚ ਇਕਲੌਤਾ ਅਜਿਹਾ ਮਾਮਲਾ ਸੀ ਜਦੋਂ ਕਿਸੇ ਇੰਸਪੈਕਟਰ ਨੂੰ ਸਿੱਧੀ ਤਰੱਕੀ ਦੇ ਕੇ ਡੀ.ਐਸ.ਪੀ. ਬਣਾਇਆ ਗਿਆ। ਡੇਰਾਬੱਸੀ ਅਤੇ ਐਂਟੀ ਗੈਂਗਸਟਰ ਟਾਸਕ ਫੋਰਸ ਵਿੱਚ ਸੇਵਾ ਦੇ ਨਾਲ ਵਰਤਮਾਨ ਸਮੇਂ ਬਿਕਰਮਜੀਤ ਸਿੰਘ ਬਰਾੜ ਡੇਰਾਬੱਸੀ ਦੇ ਡੀ.ਐਸ.ਪੀ. ਹਨ ਅਤੇ ਨਾਲ ਹੀ ਉਨ੍ਹਾਂ ਕੋਲ ਐਂਟੀ ਗੈਂਗਸਟਰ ਟਾਸਕ ਫੋਰਸ ਪੰਜਾਬ ਦਾ ਵਾਧੂ ਚਾਰਜ ਵੀ ਹੈ। ਉਨ੍ਹਾਂ ਦੀ ਨਿਗਰਾਨੀ ਹੇਠ ਕਈ ਰਾਜੀ ਤੇ ਅੰਤਰਰਾਜੀ ਗੈਂਗ ਦੇ ਢਾਂਚੇ ਤਬਾਹ ਕੀਤੇ ਗਏ ਹਨ। ਹਾਲ ਹੀ ਵਿੱਚ ਉਨ੍ਹਾਂ ਨੂੰ ਦਿੱਲੀ ਵਿੱਚ ਹੋਏ ਰਾਸ਼ਟਰੀ ਪੱਧਰ ਦੇ ਪੁਲਿਸ ਸਮਾਰੋਹ ਵਿੱਚ 'ਨੈਸ਼ਨਲ ਬਰੇਵਰੀ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਨੂੰ ਦਿੱਲੀ ਪੁਲਿਸ ਗਰੁੱਪ ਮੈਂਬਰਜ਼ ਵੱਲੋਂ ਦਿੱਤਾ ਗਿਆ ਜੋ ਕਿ ਦੇਸ਼ ਦਾ ਇੱਕ ਪ੍ਰਤਿਸ਼ਠਤ ਪੁਲਿਸ ਪਲੇਟਫਾਰਮ ਮੰਨਿਆ ਜਾਂਦਾ ਹੈ। ਬਿਕਰਮਜੀਤ ਸਿੰਘ ਬਰਾੜ ਦਾ ਜੀਵਨ ਜੁਆਨਾਂ ਲਈ ਇੱਕ ਪ੍ਰੇਰਣਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਪੁਲਿਸ ਸਿਰਫ਼ ਕਾਨੂੰਨ ਨਹੀਂ ਲਾਗੂ ਕਰਦੀ, ਸਗੋਂ ਸਮਾਜ ਦਾ ਭਰੋਸਾ ਬਣਾਉਂਦੀ ਹੈ। ਆਪਣੇ ਪਿਤਾ ਦੀ ਸ਼ਹਾਦਤ ਨੂੰ ਸਿਰ ਮੱਥੇ ਧਾਰਦੇ ਹੋਏ ਉਹ ਕਹਿੰਦੇ ਹਨ ਜਦ ਤਕ ਸਾਹ ਹੈ, ਜੁਰਮ ਦੇ ਖ਼ਿਲਾਫ਼ ਲੜਾਈ ਜਾਰੀ ਰਹੇਗੀ। ਡੇਰਾਬੱਸੀ ਤੋਂ ਪਟਿਆਲਾ ਤੱਕ ਅਤੇ ਹੁਣ ਦੇਸ਼ ਭਰ ਦੇ ਪੁਲਿਸ ਮੰਚਾਂ ਤੱਕ ਗੂੰਜਦਾ ਇਹ ਨਾਮ ਬਿਕਰਮਜੀਤ ਸਿੰਘ ਬਰਾੜ ਪੰਜਾਬ ਪੁਲਿਸ ਦੀ ਹਿੰਮਤ, ਸੱਚਾਈ ਅਤੇ ਦਲੇਰੀ ਦਾ ਜੀਵੰਤ ਪ੍ਰਤੀਕ ਹੈ।

ਗੁਰਮੀਤ ਸਿੰਘ,
ਅਜੀਤ ਪ੍ਰਤੀਨਿਧ, ਡੇਰਾਬੱਸੀ

ਧੰਨਵਾਦ

ਮੈਂ ਧੰਨਵਾਦੀ ਹਾਂ ਉਨ੍ਹਾਂ ਸਾਰੇ ਇਸ਼ਤਿਹਾਰ ਦਾਤਾਵਾਂ ਦਾ ਜਿਨ੍ਹਾਂ ਨੇ ਦੀਵਾਲੀ, ਬੰਦੀ ਛੋੜ ਦਿਵਸ, ਅਤੇ ਵਿਸ਼ਵਕਰਮਾ ਦਿਵਸ 'ਤੇ ਅਦਾਰਾ 'ਅਜੀਤ' ਵੱਲੋਂ ਪ੍ਰਕਾਸ਼ਿਤ ਕੀਤੇ ਗਏ ਵਿਸ਼ੇਸ਼ ਸਪਲੀਮੈਂਟ ਲਈ ਮੇਰੇ ਨਿੱਕੇ ਜਿਹੇ ਸੱਦੇ 'ਤੇ ਇਸ਼ਤਿਹਾਰ ਦੇ ਕੇ ਮੇਰਾ ਹੌਸਲਾ ਵਧਾਇਆ ਹੈ। ਮੈਨੂੰ ਵਿਸ਼ਵਾਸ ਹੈ ਕਿ 'ਅਜੀਤ' ਨੂੰ ਚਾਹੁਣ ਵਾਲੇ ਭਵਿੱਖ ਵਿੱਚ ਵੀ ਮੈਨੂੰ ਸਹਿਯੋਗ ਦੇ ਕੇ ਮੇਰਾ ਮਾਣ ਵਧਾਉਂਦੇ ਰਹਿਣਗੇ।

ਗੁਰਮੀਤ ਸਿੰਘ
ਅਜੀਤ ਪ੍ਰਤੀਨਿਧ, ਡੇਰਾਬੱਸੀ
98146 40444

ਸੰਦੇਸ਼

ਰੌਸ਼ਨੀਆਂ ਦੇ ਤਿਉਹਾਰ ਮੌਕੇ ਅਦਾਰਾ ਅਜੀਤ ਦੇ ਸਮੂਹ ਪਾਠਕਾਂ ਨੂੰ ਦੀਵਾਲੀ, ਬੰਦੀ ਛੋੜ ਦਿਵਸ, ਵਿਸ਼ਵਕਰਤਾ ਦਿਵਸ ਦੀਆਂ ਬਹੁਤ ਬਹੁਤ ਮੁਬਾਰਕਾਂ। ਪ੍ਰਮਾਤਮਾ ਕਰੇ ਹਰ ਦਿਨ ਆਪ ਸਭ ਦਾ ਇਸੇ ਤਰ੍ਹਾਂ ਖੁਸ਼ੀਆਂ ਨਾਲ ਰੋਸ਼ਨਾਉਂਦਾ ਰਹੇ।

ਹਰਜੀਤ ਸਿੰਘ ਲੱਕੀ
ਪ੍ਰਧਾਨ, ਪ੍ਰੈਸ ਕਲੱਬ,
ਸਥ ਡਵੀਜ਼ਨ ਡੇਰਾਬੱਸੀ

ਵਿਪਿਨ ਜਿੰਦਲ | ਨਿਤਿਨ ਜਿੰਦਲ | ਰਿਸ਼ੀ ਜਿੰਦਲ

ਆਪ ਸੱਭ ਨੂੰ
ਦੀਵਾਲੀ, ਬੰਦੀ ਛੋੜ ਦਿਵਸ ਅਤੇ
ਸ੍ਰੀ ਵਿਸ਼ਵਕਰਮਾ ਦਿਵਸ ਦੀਆਂ
ਲੱਖ ਲੱਖ ਵਧਾਈਆਂ

ਰਮੇਸ਼ ਰਾਣਾ

JINDAL ESTATE
DERABASSI

Satyam Property Consultant
Green Estate, Barwala Road Derabassi

ਮੋਤੀਆ ਗਰੁੱਪ ਡੇਰਾਬੱਸੀ
ਵੱਲੋਂ ਆਪ ਸੱਭ ਨੂੰ
ਦੀਵਾਲੀ, ਬੰਦੀ ਛੋੜ ਦਿਵਸ ਅਤੇ
ਸ੍ਰੀ ਵਿਸ਼ਵਕਰਮਾ ਦਿਵਸ ਦੀਆਂ
ਲੱਖ ਲੱਖ ਵਧਾਈਆਂ

Mukul Bansal
Director Motia Group

ਏਕਮ ਬਿਲਡਰਜ਼ ਅਤੇ ਪ੍ਰਮੋਟਰਜ਼
ਡੇਰਾਬੱਸੀ

ਮਨਿੰਦਰ ਸਿੰਘ ਪਪਨੇਜਾ
78142 12333

ਦੀਵਾਲੀ, ਬੰਦੀ ਛੋੜ ਦਿਵਸ ਅਤੇ
ਸ੍ਰੀ ਵਿਸ਼ਵਕਰਮਾ ਦਿਵਸ ਦੀਆਂ
ਲੱਖ ਲੱਖ ਵਧਾਈਆਂ

GURU HARKRISHAN PUBLIC SCHOOL (REGD.)
Derabassi, SAS Nagar, Mohali (Punjab)
Affiliated to CBSE, New Delhi (Aff. No. 1630691)

Pre Nur. to 10+2
MEDICAL
NON MEDICAL
COMMERCE
HUMANITIES

Distinctive Features:
- Excellent Board Result (Maximum Above-90%)
- Spacious Digital Classrooms.
- Smart Board with A.C Classrooms upto grade 5.
- Scholarship Facility to Class Toppers (meritorious).
- Entire Building is under CCTV surveillance.
- AC Auditorium, well equipped Science, Maths, Social Science and Computer Lab.
- Experienced, Qualified and dedicated faculty.
- Comprehensive Library providing an optimal learning environment.
- Career Guidance/ Counselling by Experts.
- School emphasis on Spoken English.
- School ensures Insurance facilities to Teachers and Students.

Our Achievers in the Derabassi Zone

ADDRESS: BEHIND AKALI MARKET, DERABASSI, DIST. MOHALI (PUNJAB)
Admission helpline : 01762-293744, 01762-293745
Email: guruharkrishan1990@gmail.com website: www.guruharkrishanpublicschool.in

ਅਮਨ ਪ੍ਰੋਪਰਟੀ ਡੇਰਾਬੱਸੀ
ਵੱਲੋਂ
ਦੀਵਾਲੀ, ਬੰਦੀ ਛੋੜ ਦਿਵਸ ਅਤੇ
ਸ੍ਰੀ ਵਿਸ਼ਵਕਰਮਾ ਦਿਵਸ ਦੀਆਂ
ਲੱਖ ਲੱਖ ਵਧਾਈਆਂ

ਰਜਿੰਦਰ ਸਿੰਘ ਬੱਗਾ
9988342886

ਜੁਲਫਕਾਰ
9815811691

GBP BUSSINES SQUARE
Showroom No. 46 C, Barwala Road, Derabassi

Chopra Estate Derabassi
ਵੱਲੋਂ ਆਪ ਸਭ ਨੂੰ
ਦੀਵਾਲੀ, ਬੰਦੀ ਛੋੜ ਦਿਵਸ ਅਤੇ
ਸ੍ਰੀ ਵਿਸ਼ਵਕਰਮਾ ਦਿਵਸ ਦੀਆਂ
ਲੱਖ ਲੱਖ ਵਧਾਈਆਂ

ਸੁਭਾਸ਼ ਚੋਪੜਾ

ਵਿਮਲ ਚੋਪੜਾ

ਸ਼ਿਵਮ ਚੋਪੜਾ

ਸਤਿਅਮ ਚੋਪੜਾ
ਡਾਇਰੈਕਟਰ ਮੋਕਸ਼ਾ ਸਿਟੀ, ਡਰਾਬੱਸੀ